"ਘਰ -ਘਰ ਰੋਜ਼ਗਾਰ"

# ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ,ਪੰਜਾਬ

ਸਰਕਾਰੀ (ਮਾਡਲ) ਸੀਨੀਅਰ ਸੈਕੰਡਰੀ ਸਕੂਲ, (ਮਾਈਕਰੋਸਾਫਟ ਬਿਲਡਿੰਗ)
ਫੇਜ-3ਬੀ-1, ਮੁਹਾਲੀ।
(ਵੈਬਸਾਈਟ www.educationrecruitmentboard.com)

**ਨੰਬਰ**. 08/20-2021 **ਭ.ਡ**. (8)/ 2021254012 **ਮਿਤੀ**: 27/07/2021

## ਪਬਲਿਕ ਨੋਟਿਸ

"ਘਰ ਘਰ ਰੋਜ਼ਗਾਰ ਯੋਜਨਾ" ਤਹਿਤ ਸਕੂਲ ਸਿੱਖਿਆ ਵਿਭਾਗ ਅਧੀਨ ਮਾਸਟਰ ਕਾਡਰ (ਬਾਰਡਰ ਏਰੀਆ) ਵਿਚ ਮਿਤੀ **06-04-2021** ਨੂੰ ਸਾਇੰਸ ਵਿਸੇ ਦੀਆਂ **518**, ਅੰਗਰੇਜੀ **380**, ਮੈਥ ਵਿਸੇ ਦੀ **595** ਬੈਕਲਾਗ ਦਾ ਵਿਗਿਆਪਨ ਦਿੱਤਾ ਗਿਆ ਸੀ। ਉਕਤ ਭਰਤੀਆਂ ਸਬੰਧੀ ਦਿੱਤੇ ਗਏ **ਵਿਗਿਆਪਨਾਂ ਦੀ ਸ਼ਰਤਾਂ ਅਨੁਸਾਰ ਇਨ੍ਹਾਂ ਅਸਾਮੀਆ ਸਬੰਧੀ ਮਿਤੀ** 20-06-2021 **ਅਤੇ** 21-06-2021 **ਨੂੰ ਵਿਭਾਗੀ** ਲਿਖਤੀ **ਟੈਸਟ ਲਿਆ ਗਿਆ ਸੀ**। ਉਕਤ ਭਰਤੀਆਂ ਸਬੰਧੀ ਲਿਖਤੀ ਟੈਸਟ ਦੇਣ ਵਾਲੇ ਉਮੀਦਵਾਰਾਂ ਨੂੰ **ਮਿਤੀ** 25-06-2021, 28-06-2021 ਅਤੇ **ਮਿਤੀ** 29-06-2021 **ਨੂੰ** ਸਕਰੂਟਨੀ ਲਈ **ਬੁਲਾਇਆ ਗਿਆ ਸੀ।** ਇਨ੍ਹਾ ਪਬਲਿਕ ਨੋਟਿਸ ਦੀ ਲਗਾਤਾਰਾ ਵਿੱਚ ਅਨੁਸੂਚਿਤ ਜਾਤੀ ਤੇ ਬਾਲਮੀਕੀ/ਮਜਬੀਆਂ, ਅਨੁਸੂਚਿਤ ਜਾਤੀ ਦੇ ਸਾਬਕਾ ਫੌਜੀ, ਅਨੁਸੂਚਿਤ ਜਾਤੀ ਦੇ ਖਿਡਾਰੀਆਂ ਦੀਆਂ ਖਾਲੀ ਰਹਿ ਗਈਆਂ ਅਸਾਮੀਆਂ ਪਹਿਲ ਤੇ ਅਧਾਰ ਤੇ ਭਰਨ ਲਈ **ਵਿਮੁਕਤ ਜਾਤੀ/ਬਾਜੀਗਰ ਨਾਲ ਸਬੰਧਤ ਜਿਹੜੇ** ਉਮੀਦਵਾਰਾ ਨੇ ਇਨ੍ਹਾਂ ਅਸਾਮੀਆਂ ਲਈ ਅਪਲਾਈ ਕਰਨ ਉਪਰੰਤ ਵਿਭਾਗੀ ਟੈਸਟ ਵਿਚ ਭਾਗ ਲਿਆ ਸੀ, ਅਜਿਹੇ **ਵਿਮੁਕਤ ਜਾਤੀ/ਬਾਜੀਗਰ ਨਾਲ ਸਬੰਧਤ** ਸਾਰੇ ਉਮੀਦਵਾਰਾਂ ਨੂੰ ਦਫਤਰ ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ (ਮਾਈਕਰੋਸਾਫਟ ਬਿਲਡਿੰਗ) ਫੇਸ 3ਬੀ1, ਐਸ.ਏ.ਐਸ. ਨਗਰ ਵਿਖੇ ਮਿਤੀ 28.07.2021 ਨੂੰ ਸਵੇਰੇ 10.00 ਵਜੇ ਤੋਂ 3.00 ਵਜੇ ਤੱਕ ਹਾਲ ਦੀ ਘੜੀ ਅਸਲ ਦਸਤਾਵੇਜਾ ਦੀ ਸਕਰੂਟਨੀ ਲਈ ਸੱਦਾ ਦਿੱਤਾ ਜਾਂਦਾ ਹੈ। ਉਮੀਦਵਾਰ ਦਸਤਾਵੇਜਾਂ ਦੀ ਸਕਰੂਟਨੀ ਤੇ ਆਉਂਣ ਸਮੇਂ ਆਪਦੇ ਨਾਲ ਅਸਲ ਯੋਗਤਾ ਅਤੇ ਜਾਤੀ ਨਾਲ ਸਬੰਧਤ ਸਰਟੀਫਿਕੇਟ, ਸਰਟੀਫਿਕੇਟ ਦੀਆਂ ਖੁਦ ਤਸਦੀਕ ਕੀਤੀਆਂ ਫੋਟੋ ਕਾਪੀਆਂ ਦਾ ਇੱਕ ਸੈਟ, ਆਪਣੀ ਪਾਸਪੋਰਟ ਸਾਈਜ ਦੀਆਂ 2 ਫੋਟੋਆਂ, ਜਮ੍ਹਾ ਕਰਵਾਈ ਗਈ ਫੀਸ ਦਾ ਸਬੂਤ, ਆਨਲਾਈਨ ਅਪਲਾਈ ਕਰਨ ਦਾ ਫਾਰਮ, ਵਿਭਾਗ ਦੀ ਵੈਬਸਾਈਟ ਤੋਂ ਡਾਉਨਲੋਡ ਕੀਤਾ ਪੜਤਾਲ ਫਾਰਮ ਫਾਈਲ ਕਵਰ ਵਿੱਚ ਟੈਗ ਕਰਕੇ ਦਸਤਾਵੇਜਾਂ ਦੀ ਸਕਰੂਟਨੀ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ।

27/7/21
ਸਹਾਇਕ ਡਾਇਰੈਕਟਰ,
ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ।